# ਰੌਸ ਪਾਰਕ ਸੁਧਾਰ



## ਪਿਛੋਕੜ ਜਾਣਕਾਰੀ

## ਕੀ ਹੋ ਰਿਹਾ ਹੈ?

ਸਨਸੈੱਟ ਇਲਾਕੇ ਵਿੱਚ, ਦੱਖਣ-ਪੂਰਬੀ ਵੈਨਕੂਵਰ ਵਿੱਚ ਸਥਿਤ, ਰੌਸ ਪਾਰਕ 1.51-ਹੈਕਟੇਅਰ ਦਾ ਇੱਕ ਇਲਾਕਾਈ ਪਾਰਕ ਹੈ। ਅਸੀ ਰੌਸ ਪਾਰਕ ਵਿੱਚ ਸੁਧਾਰ ਕਰ ਰਹੇ ਹਾਂ, ਜਿਸ ਵਿੱਚ ਮੌਜੂਦਾ ਵੇਡਿੰਗ ਪੂਲ ਦੀ ਥਾਂ 'ਤੇ ਇੱਕ ਨਵਾਂ ਸਪਰੇਅ ਪਾਰਕ ਬਣਾਉਣਾ ਸ਼ਾਮਲ ਹੈ।

ਪਰੋਜੈਕਟ ਵਿੱਚ ਸ਼ਾਮਲ ਹੋਣਗੇ:

- ਮੌਜੂਦਾ ਵੇਡਿੰਗ ਪੂਲ ਦੀ ਥਾਂ 'ਤੇ ਇੱਕ ਮੁੜ-ਪਰਚਲਿਤ ਸਪਰੇਅ ਪਾਰਕ ਬਣਾਉਣਾ
- ਰੈਗੂਲੇਟਰੀ ਅਤੇ ਪਹੁੰਚਯੋਗਤਾ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਾਸ਼ਰੂਮਾਂ ਸਮੇਤ ਨਵੀ ਫੀਲਡਹਾਊਸ ਇਮਾਰਤ
- ਪਾਰਕ ਦੀਆਂ ਵਿਸ਼ੇਸ਼ਤਾਵਾਂ ਨੂੰ ਜੋੜਨ ਲਈ ਪਹੁੰਚਯੋਗ ਰਸਤੇ
- ਪੀਣ ਵਾਲੇ ਪਾਣੀ ਦਾ ਫੁਹਾਰਾ
- ਬਾਹਰ ਬੈਠਣ ਦੀ ਥਾਂ
- ਖੇਡ ਦੇ ਮੈਦਾਨ ਦਾ ਨਵੀਨੀਕਰਨ




ਮੌਜੂਦਾ ਸਥਿਤੀ

# ਰੌਸ ਪਾਰਕ ਸੁਧਾਰ

## ਨਜ਼ਰੀਆ ਅਤੇ ਉਦੇਸ਼




## ਨਜ਼ਰੀਆ

ਵੱਧ ਰਹੇ ਅਤੇ ਵਿਭਿੰਨ ਗੁਆਂਢ ਦੇ ਸਮਰਥਨ ਵਿੱਚ ਇੱਕ ਸਮਾਵੇਸ਼ੀ, ਮੁੜ-ਪਰੁਚਲਿਤ ਸਪਰੇਅ ਪਾਰਕ, ਨਵੀਨੀਕਿਰਤ ਖੇਡ ਦਾ ਮੈਦਾਨ, ਅਤੇ ਨਵਾਂ ਫੀਲਡਹਾਊਸ ਬਣਾ ਕੇ ਪਾਰਕ ਦੀਆਂ ਪੁਰਾਣੀਆਂ ਹੋ ਚੁੱਕੀਆਂ ਵਿਸ਼ੇਸ਼ਤਾਵਾਂ ਨੂੰ ਬਦਲਣਾ ਅਤੇ ਮਨੋਰੰਜਨ ਸਹੂਲਤਾਂ ਵਿੱਚ ਸੁਧਾਰ ਕਰਨਾ।

## ਪਰੋਜੈਕਟ ਦੇ ਉਦੇਸ਼

ਹੇਠਾਂ ਦਿੱਤੇ ਪਰੋਜੈਕਟ ਉਦੇਸ਼ ਦਰਸਾਉਂਦੇ ਹਨ ਕਿ ਨਵਾਂ ਸਪਰੇਅ ਪਾਰਕ, ਫੀਲਡਹਾਊਸ, ਅਤੇ ਖੇਡ ਦੇ ਮੈਦਾਨ ਦਾ ਨਵੀਨੀਕਰਨ ਪਾਰਕ ਬੋਰਡ ਦੇ VanPlay, VanSplash, ਅਤੇ ਸੰਬੰਧਿਤ ਮਾਸਟਰ ਪਲੈਨਿੰਗ ਦਸਤਾਵੇਜ਼ਾਂ ਨਾਲ ਕਿਵੇਂ ਜੁੜੇਗਾ।

- ਹਰ ਉਮਰ ਦੇ ਉਪਭੋਗਤਾਵਾਂ ਲਈ ਵਿਸ਼ੇਸ਼ਤਾਵਾਂ ਦੀ ਗੁਣਵੱਤਾ, ਵਿਭਿੰਨਤਾ, ਅਤੇ ਪਹੁੰਚਯੋਗਤਾ ਦਾ ਵਿਸਤਾਰ ਕਰਨਾ (VanPlay ਅਤੇ ਖੇਡ ਦੇ ਮੈਦਾਨ ਦੀ ਰਣਨੀਤੀ)।
- ਵੱਖ-ਵੱਖ ਪਾਣੀ ਖੇਡਣ ਵਾਲੀਆਂ ਵਿਸ਼ੇਸ਼ਤਾਵਾਂ ਵਾਲੇ ਇੱਕ ਨਵੇਂ, ਲਚਕਦਾਰ ਸਪਰੇਅ ਪਾਰਕ ਰਾਹੀ ਅਤਿਅੰਤ ਗਰਮੀ ਦੌਰਾਨ ਠੰਢਕ ਅਤੇ ਮਨੋਰੰਜਨ ਦੇ ਮੌਕੇ ਪਰਦਾਨ ਕਰਨਾ। (VanSplash)
- ਪਹੁੰਚਯੋਗ ਰਸਤਿਆਂ ਦੇ ਨਾਲ-ਨਾਲ ਧੁੱਪ ਅਤੇ ਛਾਂ ਵਿੱਚ ਆਰਾਮਦਾਇਕ ਬੈਠਣ ਦਾ ਪਰਬੰਧ ਕਰੋ ਤਾਂ ਜੋ ਇੱਕ ਵਧੇਰੇ ਸੁਆਗਤਯੋਗ, ਜੁੜਿਆ ਭਾਈਚਾਰਕ ਸਥਾਨ ਬਣਾਇਆ ਜਾ ਸਕੇ। (VanPlay)




# ਰੌਸ ਪਾਰਕ ਸੁਧਾਰ



## ਵਿਚਾਰ ਯੋਜਨਾ

## ਪਾਰਕ ਲਈ ਕੀ ਯੋਜਨਾ ਬਣਾਈ ਗਈ ਹੈ?

- ਪੁਰਾਣੇ ਵੇਡਿੰਗ ਪੂਲ ਦੀ ਥਾਂ ਲੈਣ ਲਈ ਨਵੇਂ ਮੁੜ-ਪਰ੍ਚਲਿਤ ਪਾਣੀ ਦੇ ਸਪਰੇਅ ਫੀਚਰ, ਸਤਹ (ਸਰਫੇਸਿੰਗ), ਅਤੇ ਮਕੈਨੀਕਲ ਪਰ੍ਣਾਲੀ
- ਨਵਾਂ ਫੀਲਡਹਾਊਸ ਅਤੇ ਵਾਸ਼ਰੂਮ ਨਵੇਂ ਸਪਰੇਅ ਪਾਰਕ ਦੇ ਨੇੜੇ ਹਨ, ਜਿਸ ਨਾਲ ਸਪਰੇਅ ਪਾਰਕ ਉਪਭੋਗਤਾਵਾਂ ਲਈ ਪਹੁੰਚਯੋਗਤਾ ਅਤੇ ਸਹੂਲਤ ਵਧੇਗੀ
- ਦੋ ਮੌਜੂਦਾ ਖੇਡ ਦੇ ਮੈਦਾਨਾਂ ਨੂੰ ਨਵੀਨੀਕਿਰ੍ਤ ਖੇਡ ਦੇ ਸਾਜ਼ੋ-ਸਾਮਾਨ ਦੇ ਨਾਲ-ਨਾਲ ਨਵੀਆਂ ਖੇਡ ਵਿਸ਼ੇਸ਼ਤਾਵਾਂ ਵਾਲੇ ਇੱਕ ਵੱਡੇ ਖੇਡ ਦੇ ਮੈਦਾਨ ਵਿੱਚ ਮਿਲਾਉਣਾ
- ਬੈਠਣ ਦੀਆਂ ਥਾਵਾਂ ਮੌਜੂਦਾ ਪਿਕਨਿਕ ਸ਼ੈਲਟਰ ਵਿਖੇ ਸਮਾਜਿਕ ਥਾਂ ਦਾ ਵਿਸਤਾਰ ਕਰਦੀਆਂ ਹਨ
- ਪਹੁੰਚਯੋਗ ਰਸਤੇ ਸਾਰੀਆਂ ਸਹੂਲਤਾਂ ਨੂੰ ਜੋੜਦੇ ਹਨ ਅਤੇ ਸਾਈਟ ਦੀ ਸਮੁੱਚੀ ਕਨੈਕਟੀਵਿਟੀ ਨੂੰ ਬਿਹਤਰ ਬਣਾਉਂਦੇ ਹਨ
- ਇਹ ਖੋਜ ਕਰਨਾ ਕਿ ਵੇਡਿੰਗ ਪੂਲ ਦੇ ਆਲੇ-ਦੁਆਲੇ ਮੌਜੂਦ ਜ਼ਮੀਨੀ ਮੂਰਲ ਨੂੰ ਸਮੁੱਚੇ ਪਾਰਕ ਡਿਜ਼ਾਈਨ ਵਿੱਚ ਕਿਵੇਂ ਦੁਬਾਰਾ ਜੋੜਿਆ ਜਾਵੇ




1. ਮੌਜੂਦਾ ਪਿਕਨਿਕ ਸ਼ੈਲਟਰ
2. ਸਪਰੇਅ ਪਾਰਕ
3. ਬੈਠਣ ਦੀ ਥਾਂ
4. 5-12 ਖੇਡ ਦਾ ਮੈਦਾਨ
5. ਝੂਲੇ
6. 2-5 ਖੇਡ ਦਾ ਮੈਦਾਨ
7. ਫੀਲਡਹਾਊਸ

# ਰੌਸ ਪਾਰਕ ਸੁਧਾਰ

## ਪਰੋਜੈਕਟ ਦੀ ਸਮਾਂ-ਰੇਖਾ ਅਤੇ ਅੱਪਡੇਟ



**ਸਰਦੀ 2025**

ਵਿਚਾਰ ‘ਤੇ ਵਿਕਾਸ

**ਬਸੰਤ 2026**

ਅੰਤਿਮ ਵਿਚਾਰ

**ਗਰਮੀ 2026**

ਵਿਸਤਿਰ੍ਤ ਡਿਜ਼ਾਈਨ ਅਤੇ ਟੈਂਡਰ

**2027**

ਉਸਾਰੀ

### ਤੁਹਾਡਾ ਧੰਨਵਾਦ!

ਨਵੇਂ ਸਪਰੇਅ ਪਾਰਕ ਅਤੇ ਫੀਲਡਹਾਊਸ ਅੱਪਡੇਟਾਂ ਵਿੱਚ ਤੁਹਾਡੀ ਦਿਲਚਸਪੀ ਲਈ ਧੰਨਵਾਦ। ਯੋਜਨਾ ਨੂੰ ਹੋਰ ਸੁਧਾਰਿਆ ਜਾਵੇਗਾ ਅਤੇ ਬਸੰਤ 2026 ਵਿੱਚ ਪਾਰਕ ਬੋਰਡ ਅੱਗੇ ਪੇਸ਼ ਕੀਤਾ ਜਾਵੇਗਾ।

ਇੱਕ ਵਾਰ ਮਨਜ਼ੂਰ ਹੋ ਜਾਣ ‘ਤੇ, ਸੰਕਲਪ ਯੋਜਨਾ ਨੂੰ ਇੱਕ ਵਿਸਤਿਰ੍ਤ ਡਿਜ਼ਾਈਨ ਪੱਧਰ ਤੱਕ ਵਿਕਸਤ ਕੀਤਾ ਜਾਵੇਗਾ ਜਿਸ ਵਿੱਚ 2027 ਦੇ ਸ਼ੁਰੂ ਵਿੱਚ ਉਸਾਰੀ ਦੀ ਸੰਭਾਵਨਾ ਹੈ।

### ਸੂਚਿਤ ਰਹੋ

ਪਰੋਜੈਕਟ ਵੈੱਬਪੇਜ ‘ਤੇ ਜਾ ਕੇ ਅੱਪਡੇਟ ਰਹੋ:
vancouver.ca/ross-spray-park

### ਸਾਡੇ ਨਾਲ ਸੰਪਰਕ ਕਰੋ:

ross.spray.park@vancouver.ca